Weekly

# CANADA SIKH TIMES

9 - 15 February 2025

ਕੈਨੇਡਾ ਸਿੱਖ ਟਾਈਮਜ਼

Volume 3 Issue 6

• RELIGION • CULTURE • HERITAGE • BUSINESS

## ਸਰੀ ਵਿਖੇ ਮਾਂ ਬੋਲੀ ਦਿਵਸ ਸਮਾਗਮ 23 ਫਰਵਰੀ ਨੂੰ



ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ 23 ਫਰਵਰੀ (ਐਤਵਾਰ) ਨੂੰ ਤਾਜ ਪਾਰਕ ਕਨਵੈਨਸ਼ਨ ਸੈਂਟਰ ਸਰੀ ਵਿਖੇ ਇੱਕ ਤੋਂ ਤਿੰਨ ਵਜੇ ਤੱਕ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਪਲੀਅ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਕਿ ਦੀਪਕ ਬਿਨਿੰਗ ਫਾਊਂਡੇਸ਼ਨ ਅਤੇ ਤਾਜ ਪਾਰਕ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਵਿਚ ਜੈਸੀ ਸੁੰਨੜ ਮੁੱਖ ਬੁਲਾਰੇ ਹੋਣਗੇ। ਸਮਾਗਮ ਵਿੱਚ ਸਰੀ ਸਕੂਲ ਬੋਰਡ ਦੇ ਮੈਂਬਰ ਗੈਰੀ ਥਿੰਦ, ਐਬਟਸਫੋਰਡ ਸਕੂਲ ਬੋਰਡ ਦੇ ਵਾਈਸ ਚੇਅਰ ਪ੍ਰੀਤ ਰਾਏ ਅਤੇ ਡੈਲਟਾ ਸਕੂਲ ਬੋਰਡ ਦੇ ਮੈਂਬਰ ਨਿੰਮੀ ਡੌਲਾ ਆਪੋ ਆਪਣੇ ਸਕੂਲ ਜ਼ਿਲ੍ਹਿਆਂ ਵਿੱਚ ਪੰਜਾਬੀ ਬਾਰੇ ਹੋ ਰਹੇ ਉਪਰਾਲਿਆਂ ਦੀ ਜਾਣਕਾਰੀ ਸਾਂਝੀ ਕਰਨਗੇ। ਸਥਾਨਕ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਪੰਜਾਬੀ ਸਬੰਧੀ ਆਪਣੇ ਵਿਚਾਰ, ਕਵਿਤਾਵਾਂ ਅਤੇ ਗੀਤ ਪੇਸ਼ ਕਰਨਗੇ।

## ਪੰਜਾਬ ਦੀ ਜੈਸਮੀਨ ਕੌਰ ਨੇ ਸ਼ਾਟਪੁੱਟ ’ਚ ਜਿੱਤਿਆ ਸੋਨ ਤਗਮਾ




ਪੰਜਾਬ ਦੇ ਖਿਡਾਰੀਆਂ ਨੇ ਇੱਥੇ ਚੱਲ ਰਹੀਆਂ 38ਵੀਆਂ ਕੌਮੀ ਖੇਡਾਂ ’ਚ ਅੱਜ ਸੋਨੇ ਸਣੇ ਕੁੱਲ ਤਿੰਨ ਤਗ਼ਮੇ ਆਪਣੇ ਨਾਮ ਕੀਤੇ। ਖੇਡਾਂ ਦੌਰਾਨ ਅੱਜ ਜੈਵੇਲਿਨ ਥ੍ਰੋਅ, ਉੱਚੀ ਛਾਲ ਤੇ 5,000 ਮੀਟਰ ਦੌੜ ’ਚ ਨਵੇਂ ਰਿਕਾਰਡ ਵੀ ਬਣੇ। ਔਰਤਾਂ ਦੇ ਸ਼ਾਟਪੁੱਟ (ਗੋਲਾ ਸੁੱਟਣ) ਮੁਕਾਬਲੇ ’ਚ ਪੰਜਾਬ ਦੀ ਜੈਸਮੀਨ ਕੌਰ ਨੇ 15.97 ਮੀਟਰ ਗੋਲਾ ਸੁੱਟ ਕੇ ਸੋਨ ਤਗ਼ਮਾ ਜਿੱਤਿਆ ਹੈ। ਉੱਤਰ ਪ੍ਰਦੇਸ਼ ਦੀ ਵਿਧੀ ਦੂਜੇ ਤੇ ਦਿੱਲੀ ਦੀ ਸ਼੍ਰਿਸ਼ਟੀ ਵਿੱਗ ਤੀਜੇ ਸਥਾਨ ’ਤੇ ਰਹੀ। ਪੰਜਾਬ ਦੇ ਹਰਦੀਪ ਕੁਮਾਰ ਨੇ ਪੁਰਸ਼ਾਂ ਦੀ 400 ਮੀਟਰ ਅੜਿੱਕਾ ਦੌੜ ’ਚ ਚਾਂਦੀ ਦਾ ਤਗ਼ਮਾ ਜਿੱਤਿਆ। ਇਸ ਤੋਂ ਇਲਾਵਾ ਪੰਜਾਬ ਦੀ 4×400 ਮੀਟਰ ਮਿਕਸਡ ਰਿਲੇਅ ਟੀਮ ਨੇ 3 ਮਿੰਟ 26.35 ਸਕਿੰਟ ਦੇ ਸਮੇਂ ਨਾਲ ਕਾਂਸੀ ਦਾ ਤਗ਼ਮਾ ਜਿੱਤਿਆ। ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ ਦੇ ਰਾਜ ਮਿਸਤਰੀ ਦੀ ਬੇਟੀ ਪੂਜਾ ਸਿੰਘ ਨੇ 1.84 ਮੀਟਰ ਦੀ ਕੋਸ਼ਿਸ਼ ਨਾਲ ਉੱਚੀ ਛਾਲ ’ਚ ਸੋਨ ਤਗ਼ਮਾ ਜਿੱਤਿਆ । ਸਾਵਨ ਬੇਰਵਾਲ ਨੇ 13 ਮਿੰਟ 45.93 ਸਕਿੰਟ ਦੇ ਸਮੇਂ ਨਾਲ ਪੁਰਸ਼ 5000 ਮੀਟਰ ਦੌੜ ’ਚ ਸੋਨ ਤਗ਼ਮਾ ਜਿੱਤਿਆ।

## The Woman Taking Daily Penang-Kuala Lumpur Flights to Make Ends Meet



Racheal Kaur, an Indian-origin woman in Malaysia, has gained widespread attention for her extraordinary daily commute. As an assistant manager at AirAsia's finance operations, Kaur has become a "super commuter" by flying from her home to her office daily, offering a unique solution to her work-life balance.

Kaur, a mother of two, explained that her decision to commute by air was driven by a desire to spend more time with her children, ages 12 and 11. Before 2024, she lived near her office in Kuala Lumpur but only returned home to Penang once a week, which impacted her family time. This new routine allows her to be home every evening, improving her work-life balance.

Her day begins at 4:00 am, preparing for her flight at 5:55 am, which lands by 7:45 am for her workday. After finishing her work, she flies home, arriving by 8:00 pm to be with her family. Interestingly, her flight-based commute is cheaper than renting a place near the office, as she saves on accommodation and food costs.

Her employer, AirAsia, supports her routine, allowing her to focus fully on work while at the office and on her family when she's at home. While her commute has drawn mixed reactions, Kaur finds the effort worth it for the reward of time with her kids. Despite the early mornings and long days, she remains committed to this unique approach to balancing work and family life.

# DESH VIDESH

## Vadda Ghalughara
## A Legacy of Courage and Sacrifice

- Dr. Devinder Pal Singh*



The Vadda Ghalughara (The Great Holocaust) was a tragic massacre of Sikhs by the Afghan forces of Ahmad Shah Abdali in February 1762. It was one of the darkest chapters in Sikh history, where nearly 25,000 to 30,000 Sikhs, including women and children, were slaughtered in a single day. Despite this immense tragedy, the Sikh community demonstrated resilience, unity, and an unbreakable spirit. Several important lessons can be learned from this incident.

1. **The Power of Resilience**: The Sikh community suffered enormous losses but did not lose hope. Instead of surrendering, they regrouped and rebuilt their forces. Within months, they launched counterattacks against Abdali's forces, proving that resilience and determination can help overcome even the worst adversities.
2. **Unity in Adversity**: One of the reasons the Sikhs were targeted was their growing power and unity. The lesson here is that communities facing oppression must stand together and support each other to survive and thrive. The Sikhs did not let this massacre break their spirit but instead became more united in their cause.
3. **The Importance of Leadership**: Sikh leaders like Baba Deep Singh and Jassa Singh Ahluwalia played a crucial role in guiding the community during this crisis. Their leadership ensured that despite massive losses, the Sikhs continued their fight for survival and justice. This highlights the importance of strong leadership during difficult times.
4. **The Cost of Freedom**: The Vadda Ghalughara reminds us that the struggle for freedom often comes at a great cost. The Sikhs fought for their religious and social rights, showing that sacrifices are sometimes necessary to achieve a larger goal.
5. **Never Forget History**: The Sikhs learned from their history and later established their own rule in Punjab. Remembering such events helps communities stay vigilant and prepared.

Vadda Ghalughara is a lesson in courage, resilience, and the pursuit of justice. It teaches us that even in the face of overwhelming odds, determination and unity can lead to victory. The Sikh spirit of Chardi Kala (eternal optimism) continues to inspire people worldwide.

* Center for Understanding Sikhism, Mississauga, Ontario, Canada

---

## ਦੁਨੀਆ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ 10 ਦੇਸ਼ਾਂ ਦੀ ਨਵੀਂ ਸੂਚੀ 2025 ਹੋਈ ਜਨਤਕ

ਭਾਰਤ ਨੂੰ ਫੋਰਬਸ ਦੀ ਦੁਨੀਆ ਦੇ 10 ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ। 2025 ਦੀ ਇਸ ਨਵੀਂ ਸੂਚੀ ਵਿੱਚ, ਅਮਰੀਕਾ ਚੋਟੀ ਦੇ 10 ਵਿੱਚੋਂ ਸਭ ਤੋਂ ਉੱਪਰ ਹੈ। ਜਦੋਂ ਕਿ ਇਜ਼ਰਾਈਲ 10ਵੇਂ ਨੰਬਰ 'ਤੇ ਹੈ। ਫੋਰਬਸ ਖੁਦ ਦਾਅਵਾ ਕਰਦਾ ਹੈ ਕਿ ਉਹ ਰੈਂਕਿੰਗ ਜਾਰੀ ਕਰਦੇ ਸਮੇਂ ਕਈ ਮਾਪਦੰਡਾਂ 'ਤੇ ਵਿਚਾਰ ਕਰਦਾ ਹੈ, ਹਾਲਾਂਕਿ, ਭਾਰਤ ਦੇ ਰਖਿਆ ਮਾਹਿਰਾਂ ਅਨੁਸਾਰ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ, ਚੌਥੀ ਸਭ ਤੋਂ ਵੱਡੀ ਫੌਜੀ ਸ਼ਕਤੀ ਅਤੇ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲੇ ਦੇਸ਼ ਭਾਰਚ ਨੂੰ ਚੋਟੀ ਦੇ 10 ਵਿੱਚੋਂ ਬਾਹਰ ਰੱਖਣ ਦਾ ਕੋਈ ਜਾਇਜ਼ ਨਹੀਂ ਜਾਪਦਾ।

ਫੋਰਬਸ ਦੀ ਰਿਪੋਰਟ ਅਨੁਸਾਰ, ਇਹ ਸੂਚੀ ਯੂਐਸ ਨਿਊਜ਼ ਦੁਆਰਾ ਤਿਆਰ ਕੀਤੀ ਗਈ ਸੀ ਅਤੇ ਦਰਜਾਬੰਦੀ ਲਈ ਪੰਜ ਮੁੱਖ ਮਾਪਦੰਡ ਵਰਤੇ ਗਏ ਸਨ। ਇਹ ਸੂਚੀ ਕਿਸੇ ਵੀ ਦੇਸ਼ ਦੇ ਨੇਤਾ, ਆਰਥਿਕ ਪ੍ਰਭਾਵ, ਰਾਜਨੀਤਿਕ ਪ੍ਰਭਾਵ, ਮਜ਼ਬੂਤ ਅੰਤਰਰਾਸ਼ਟਰੀ ਗੱਠਜੋੜ ਅਤੇ ਮਜ਼ਬੂਤ ਫੌਜ ਦੇ ਆਧਾਰ 'ਤੇ ਤਿਆਰ ਕੀਤੀ ਜਾਂਦੀ ਹੈ।

1 ਅਮਰੀਕਾ 30.34 ਟ੍ਰਿਲੀਅਨ ਡਾਲਰ 345 ਕਰੋੜ
2. ਚੀਨ 19.53 ਟ੍ਰਿਲੀਅਨ ਡਾਲਰ 141.9 ਕਰੋੜ
3. ਰੂਸ 2.2 ਟ੍ਰਿਲੀਅਨ ਡਾਲਰ144.4 ਕਰੋੜ
4. ਯੂਨਾਈਟਿਡ ਕਿੰਗਡਮ 3.73 ਟ੍ਰਿਲੀਅਨ ਡਾਲਰ 69.1 ਕਰੋੜ
5. ਜਰਮਨੀ 4.92 ਟ੍ਰਿਲੀਅਨ ਡਾਲਰ 84.5 ਮਿਲੀਅਨ ਕਰੋੜ
6. ਦੱਖਣੀ ਕੋਰੀਆ 1.95 ਟ੍ਰਿਲੀਅਨ ਡਾਲਰ 51.7 ਕਰੋੜ ਏਸ਼ੀਆ
7. ਫਰਾਂਸ $3.28 ਟ੍ਰਿਲੀਅਨ $66.5 ਕਰੋੜ ਯੂਰਪ
8. ਜਪਾਨ 4.39 ਟ੍ਰਿਲੀਅਨ ਡਾਲਰ 123.7 ਕਰੋੜ
9. ਸਾਊਦੀ ਅਰਬ 1.14 ਟ੍ਰਿਲੀਅਨ ਡਾਲਰ 33.9 ਕਰੋੜ
10. ਇਜ਼ਰਾਈਲ 550.91 ਬਿਲੀਅਨ ਡਾਲਰ 93.8 ਲਖ

ਇਸ ਤੋਂ ਇਲਾਵਾ, ਰੈਂਕਿੰਗ ਮਾਡਲ ਬੀਏਵੀ ਗਰੁੱਪ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਇਕ ਗਲੋਬਲ ਮਾਰਕੀਟਿੰਗ ਸੰਚਾਰ ਕੰਪਨੀ ਡਬਲਯੂਪੀਪੀ ਦੀ ਇੱਕ ਇਕਾਈ ਹੈ। ਇਹ ਦਰਜਾਬੰਦੀ ਤਿਆਰ ਕਰਨ ਵਾਲੀ ਟੀਮ ਦੀ ਅਗਵਾਈ ਪੈਨਸਿਲਵੇਨੀਆ ਯੂਨੀਵਰਸਿਟੀ ਦੇ ਵਾਰਟਨ ਸਕੂਲ ਦੇ ਪ੍ਰੋਫੈਸਰ ਡੇਵਿਡ ਰੀਬਸਟਾਈਨ ਨੇ ਕੀਤੀ।

# HERITAGE

## Doctor Tarlok Singh of Canada



Dr. Tarlok Singh Sahota, a renowned Canadian researcher making significant contributions to Ontario's agricultural sector. As the director of research and business at the Thunder Bay Agricultural Research Station, Tarlok has been instrumental in introducing new crops to the region, including chickpeas, black barley, and triticale forage. Tarlok's research focuses on developing environmentally friendly and sustainable practices that benefit local farmers. His work has shown that the Thunder Bay region can successfully grow chickpeas, a valuable product that was previously unknown in the area. Farmer John Hanna, who worked with Tarlok, became the first farmer to grow chickpeas in the province, demonstrating the potential of Tarlok's research. His efforts have not only provided local farmers with new opportunities but have also contributed to the region's economic growth. Tarlok's dedication to sustainable agriculture has earned him recognition, including the Distinguished Agronomist Award 2021 and the CSA Fellow Award 2018. He holds Master's and Doctorate degrees in Agronomy from Punjab Agricultural University Ludhiana, India.

## ਅਦਾਕਾਰ ਗੁਰਪ੍ਰੀਤ ਸਿੰਘ ਘੁੱਗੀ ਵਿਸ਼ਵ ਪੰਜਾਬੀ ਸਭਾ ਦੇ ਬਰੈਂਡ ਅੰਬੈਸਡਰ ਬਣੇ



ਪੰਜਾਬੀ ਸਾਹਿਤ, ਪੰਜਾਬੀ ਭਾਸ਼ਾ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਵਿਸ਼ਵ ਪੰਜਾਬੀ ਸਭਾ ਕੈਨੇਡਾ ਵਲੋਂ ਪ੍ਰਸਿੱਧ ਕਮੇਡੀਅਨ ਅਤੇ ਅਦਾਕਾਰ ਗੁਰਪ੍ਰੀਤ ਸਿੰਘ ਘੁੱਗੀ ਨੂੰ ਵਿਸ਼ਵ ਪੰਜਾਬੀ ਸਭਾ ਕੈਨੇਡਾ ਦਾ ਬਰੈਂਡ ਅੰਬੈਸਡਰ ਬਣਾਇਆ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਕੈਨੇਡਾ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਘੁੱਗੀ ਦੀ ਪੰਜਾਬੀ ਦੁਨੀਆ ਨੂੰ ਬਹੁਤ ਵੱਡੀ ਦੇਣ ਹੈ। ਉਹਨਾਂ ਦੀ ਇਸ ਨਿਯੁਕਤੀ 'ਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਮੁੱਖ ਸਲਾਹਕਾਰ ਡਾ. ਗੁਰਪ੍ਰੀਤ ਕੌਰ ਅਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਭਾਰਤ ਦੇ ਪ੍ਰਧਾਨ ਲੈਕਚਰਾਰ ਬਲਬੀਰ ਕੌਰ ਰਾਏਕੋਟੀ ਨੇ ਵੀ ਗੁਰਪ੍ਰੀਤ ਸਿੰਘ ਘੁੱਗੀ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ ਅਤੇ ਉਹਨਾਂ ਕਿਹਾ ਕਿ ਇਸ ਨਾਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਦਾ ਕੱਦ ਹੋਰ ਵੀ ਉਚਾ ਹੋਵੇਗਾ।

## ਅਮਰੀਕਾ ਤੋਂ ਡਿਪੋਰਟ ਕੀਤੇ ਗਏ ਭਾਰਤੀਆਂ ਦਾ ਜਹਾਜ਼ ਅੱਜ ਪੁੱਜੇਗਾ ਅੰਮ੍ਰਿਤਸਰ



ਅਮਰੀਕਾ ਦਾ ਇੱਕ ਫੌਜੀ ਜਹਾਜ਼ ਅੱਜ ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ 119 ਭਾਰਤੀ ਨਾਗਰਿਕਾਂ ਨੂੰ ਲੈ ਕੇ ਉਤਰੇਗਾ। ਗੈਰ-ਦਸਤਾਵੇਜ਼ੀ ਪ੍ਰਵਾਸੀਆਂ 'ਤੇ ਅਮਰੀਕੀ ਸਰਕਾਰ ਵੱਲੋਂ ਜਾਰੀ ਕਾਰਵਾਈ ਦੇ ਤਹਿਤ ਭਾਰਤ ਪਹੁੰਚਣ ਵਾਲਾ ਇਹ ਦੂਜਾ ਜਹਾਜ਼ ਹੋਵੇਗਾ। ਮੀਡੀਆ ਰਿਪੋਰਟਾਂ ਅਨੁਸਾਰ ਡਿਪੋਰਟ ਕੀਤੇ ਗਏ ਵਿਅਕਤੀਆਂ ਵਿੱਚ ਪੰਜਾਬ ਦੇ 67, ਹਰਿਆਣਾ ਦੇ 33, ਗੁਜਰਾਤ ਦੇ ਅੱਠ, ਉੱਤਰ ਪ੍ਰਦੇਸ਼ ਦੇ ਤਿੰਨ, ਰਾਜਸਥਾਨ ਅਤੇ ਮਹਾਰਾਸ਼ਟਰ ਦੇ ਦੋ-ਦੋ ਅਤੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਤੋਂ ਇੱਕ-ਇੱਕ ਵਿਅਕਤੀ ਸ਼ਾਮਲ ਹਨ। ਉਨ੍ਹਾਂ ਨੂੰ ਵਾਪਸ ਭੇਜਣਾ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਗੈਰ-ਕਾਨੂੰਨੀ ਤੌਰ 'ਤੇ ਦੇਸ਼ ਵਿੱਚ ਦਾਖਲ ਹੋਏ ਜਾਂ ਆਪਣੇ ਵੀਜ਼ਿਆਂ ਤੋਂ ਵੱਧ ਠਹਿਰਣ ਵਾਲੇ ਵਿਅਕਤੀਆਂ ਵਿਰੁੱਧ ਜਾਰੀ ਕਾਰਵਾਈ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਡਿਪੋਰਟ ਕੀਤੇ ਗਏ ਭਾਰਤੀ ਨਾਗਰਿਕਾਂ ਨੂੰ ਅਮਰੀਕਾ ਵੱਲੋਂ ਹਥਕੜੀਆਂ ਅਤੇ ਬੇੜੀਆਂ ਪਾ ਕੇ ਡਿਪੋਰਟ ਕੀਤਾ ਗਿਆ ਸੀ, ਜੋ ਕਿ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਬਾਣੀ ਅਨੁਸਾਰ ਨਾਮ ਜਪਣ ਤੋਂ ਕੀ ਭਾਵ ਹੈ?**

a. ਸੱਚ ਦੀ ਖੋਜ  b. ਸੱਚ ਜੀਵਨ ਵਿੱਚ ਅਪਨਾਉਣਾ
c. ਸਚਿਆਰ ਬਣਨਾ  d. ਉਪਰੋਕਤ ਸਾਰੇ

**2. ਗੁਰੂ ਨਾਨਕ ਸਾਹਿਬ ਵਲੋਂ ਦੱਸੇ ਜੀਵਨ ਜੀਉਣ ਦਾ ਢੰਗ ਕਿਸ ਤਰ੍ਹਾਂ ਵਿਸ਼ੇਸ਼ ਹੈ?**

a. ਨਿਵੇਕਲਾ ਮਾਰਗ  b. ਨਿਰਾਲਾ ਪੰਥ
c. ਗਿਆਨ ਦਾ ਆਸਰਾ  d. ਉਪਰੋਕਤ ਸਾਰੇ

**3. ਗੁਰਬਾਣੀ ਦੇ ਚਾਨਣ ਵਿਚ ਅਸੀ ਰੱਬ ਜੀ ਦੀ ਨੇੜਤਾ ਕਿਵੇਂ ਪ੍ਰਾਪਤ ਕਰ ਸੱਕਦੇ ਹਾਂ?**

a. ਜੀਵਨ ਦੇ ਹਰ ਕੰਮ ਵਿਚ ਅਨੁਸ਼ਾਸਨ ਰੱਖਕੇ
b. ਮਾੜੇ ਵਿਚਾਰਾਂ ਤੋਂ ਸਾਵਧਾਨ ਰਹਿਕੇ
c. ਜੀਵਨ ਦੀ ਜਿੰਮੇਵਾਰੀ ਨਿਭਾ ਕੇ
d. ਉਪਰੋਕਤ ਸਾਰੇ ਕੰਮਾਂ ਨਾਲ

**4. ਇਨਾ ਵਿਚੋਂ ਕਿਹੜੀ ਪੁਸਤਕ ਵਿੱਚ ਗੁਰਬਾਣੀ ਦੇ 'ਹੁਕਮ ਰਜਾਈ' ਚੱਲਣ ਦੇ ਮੁੱਢਲੇ ਸਿਧਾਂਤ ਦੇ ਉਲਟ ਗੁਰੂ ਸਾਹਿਬ ਦੇ ਜੀਵਨ ਨਾਲ ਕਾਲਪਨਿਕ ਕਹਾਣੀਆਂ ਸ਼ਾਮਿਲ ਹਨ?**

a. ਗੁਰਬਿਲਾਸ ਪਾਤਸ਼ਾਹੀ 6  b. ਮਹਿਮਾ ਪ੍ਰਕਾਸ਼
c. ਗੁਰਬਿਲਾਸ ਪਾਤਸ਼ਾਹੀ 10  d. ਉਪਰੋਕਤ ਸਾਰੇ

(ਦੇਖੋ ਉੱਤਰ ਪੰਨਾ 4 'ਤੇ)

# CAREER COUNSELLING

## RESULTS TAKING TIME LONGER THAN USUAL



Narinder Pal Singh

- If you are in the job search process and things are taking longer than expected.
- If you a solopreneur and results have not started showing yet.
- If you are an entrepreneur waiting for that funding
- If you're single waiting for your ideal life partner
- If you are getting rejected by interviews even though you know you are the most qualified person in the room.
- If there is favoritism that is working against you and the world seems unfair.

Now is the time to work on your Trust, Patience & Believe in a Higher Power that things will work out even though it may not be in your time frame.

Few tips to believe in you, trust in your strength & stay motivated during the waiting and potential rejection period:

1. Embrace Resilience - Remember that setbacks are a natural part of any job search process. Stay determined and view each rejection as an opportunity to learn and grow.
2. Focus On Achievements - Reflect on your skills, experiences, and accomplishments. Remind yourself of your unique qualities and the value you can bring to an organization. Celebrate your strengths and stay confident in your abilities.
3. Maintain Positive Mindset - Cultivate a positive outlook and believe in your potential. Avoid dwelling on rejections or negative thoughts. Surround yourself with supportive people who can uplift and encourage you.
4. Seek Feedback - If possible, request feedback from employers regarding the reasons behind any rejections. Use this information constructively to enhance your future applications and interviews. Continuous improvement is key to success.
5. Stay Proactive & Persistent - Keep applying for other opportunities while waiting for responses. Networking, attending job fairs, and exploring additional avenues can increase your chances of success. Be persistent in pursuing your goals and

**Trust The Universe. Everything Is Unfolding Exactly As It Should, Even When It Doesn't Feel That Way.**






## SIKH MATRIMONIALS

Gursikh Boy 33/182 cms/ working in warehouse /60000 CAD/'BSc in Nautical Sciences, MBA from UCW,Canada Sister married in Canada Contact +91 9313448279

Gursikh girl 26/5'/ Philosophy (H) DU, Diploma George Brown College, Toronto/ Working /Family got PR in 2022 settled Vancouver/ Contact+91 9810196404

Gursikh Boy ND/NT29/5'9"/BTech. Thapar Univ. /Masters Univ. of Windsor, Canada/Working in Canada/100000 CAD /PR in progress/ Contact +91 8689080882

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. D 4. D

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555